cbe.ab.ca

## ਆਪਣੇ ਬੱਚੇ ਨੂੰ ਕਿੰਡਰਗਾਰਟਨ ਲਈ ਰਜਿਸਟਰ ਕਰੋ। ਰਜਿਸਟਰੇਸ਼ਨ 11 22ਨਵਰੀ, 2018 ਨੂੰ ਸ਼ੁਰੂ ਹੋ ਰਹੀ ਹੈ।( Register your child for kindergarten. Registration begins Monday, January 14, 2019.)

ਕੈਲਗਰੀ ਬੋਰਡ ਔਫ ਐਜੂਕੇਸ਼ਨ ਵਿਚ ਅਸੀਂ ਸਮਝਦੇ ਹਾਂ ਕਿ ਬੱਚੇ ਦੇ ਸਿੱਖਣ ਦੇ ਤਜਰਬੇ ਲਈ ਆਪਣੇ ਅਨੂਠੇ ਗੁਣ ਅਤੇ ਪ੍ਰਤਿਭਾਵਾਂ ਲੈ ਕੇ ਆਉਂਦੇ ਹਨ। ਸਾਡੇ ਅਧਿਆਪਕ ਜਾਣਦੇ ਹਨ ਕਿ ਉਨ੍ਹਾਂ ਨੇ ਬੱਚਿਆਂ ਨੂੰ ਉਨ੍ਹਾਂ ਦੀਆਂ ਸਮਰੱਥਾਵਾਂ ਪੂਰੀ ਤਰ੍ਹਾਂ ਹਾਸਲ ਕਰਨ ਵਿਚ ਕਿਵੇਂ ਮਦਦ ਕਰਨੀ ਹੈ।

### ਕਿੰਡਰਗਾਰਟਨ ਲਈ ਰਜਿਸਟਰੇਸ਼ਨ (Kindergarten Registration)

ਰਜਿਸਟਰ ਹੋਣ ਲਈ, ਕਿੰਡਰਗਾਰਟਨ ਸਾਲ ਦੇ ਦੌਰਾਨ 1 ਮਾਰਚ ਤੱਕ ਬੱਚੇ ਨੂੰ ਪੰਜ ਸਾਲ ਦਾ ਹੋਣਾ ਚਾਹੀਦਾ ਹੈ। ਕਿੰਡਰਗਾਰਟਨ ਇਕ ਮਰਜ਼ੀ ਵਾਲਾ ਪ੍ਰੋਗਰਾਮ ਹੈ। 1 ਸਤੰਬਰ ਤੱਕ ਅਗਰ ਬੱਚਾ ਛੇ ਸਾਲ ਦਾ ਹੋ ਜਾਂਦਾ ਹੈ ਤਾਂ ਉਸ ਨੂੰ ਲਾਜ਼ਮੀ ਸਕੂਲ ਸ਼ੁਰੂ ਕਰ ਦੇਣਾ ਚਾਹੀਦਾ ਹੈ।

### ਆਵਾਜਾਈ ਦਾ ਸਾਧਨ (ਬੱਸ ਆਦਿ) {Transportation}

ਉਨ੍ਹਾਂ ਦੀ ਕਮਿਊਨਿਨਿਟੀ ਲਈ ਨਾਮਜਦ ਸਕੂਲ ਵਿਚ ਸਕੂਲ ਵਿਚ ਦਾਖਲਾ ਲੈਣ ਵਾਲੇ ਬੱਚਿਆਂ ਲਈ ਆਵਾਜਾਈ ਸੇਵਾ ਖੇਤਰ ਤਹਿਤ ਬੱਸ ਦੀ ਸੇਵਾ ਉਪਲਬਧ ਹੁੰਦੀ ਹੈ। ਵਧੇਰੇ ਜਾਣਕਾਰੀ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ।

### ਕਿੰਡਰਗਾਰਟਨ ਸਬੰਧੀ (About Kindergarten)

ਕਿੰਡਰਗਾਰਟਨ ਵਿਚ ਬੱਚਿਆਂ ਲਈ ਇਹ ਕੁਝ ਕਰਨ ਲਈ ਹੁੰਦਾ ਹੈ:

- ਆਪਣੇ ਮਹੌਲ ਦੀ ਖੋਜ ਅਤੇ ਤਜਰਬੇ ਕਰਨਾ
- ਦੂਸਰਿਆਂ ਨਾਲ ਮਿਲਣ-ਜੁਲਣ ਕਰਨ ਸਬੰਧੀ ਸਿਖਲਾਈ
- ਸਹੀ ਗਲਬਾਤ ਕਰਨ ਦਾ ਢੰਗ ਸਿੱਖਣਾ
- ਫੈਸਲੇ ਕਰਨ ਸਬੰਧੀ ਮਾਹਰਤ ਹਾਸਲ ਕਰਨਾ
- ਭਾਸ਼ਾ ਦੀ ਕਲਾ, ਸਾਇੰਸ, ਹਿਸਾਬ, ਸਮਾਜਿਕ ਸਿੱਖਿਆ ਅਤੇ ਲਲਿਤ ਕਲਾਵਾਂ (ਫਾਈਨ ਆਰਟਸ) ਦਾ ਵਿਕਾਸ ਕਰਨਾ

### ਮਾਪਿਆਂ ਦਾ ਸ਼ਾਮਲ ਹੋਣਾ (Parent Involvement)

ਤੁਹਾਡੇ ਲਈ, ਤੁਹਾਡੇ ਬੱਚੇ ਦੀ ਪੜ੍ਹਾਈ ਵਿਚ ਸ਼ਾਮਲ ਹੋਣ ਦੇ ਕਈ ਢੰਗ ਹਨ

- ਤੁਹਾਡੇ ਬੱਚੇ ਦੁਆਰਾ ਸਕੂਲ ਵਿਚ ਰੋਜ਼ਾਨਾ ਕੀਤੇ ਗਏ ਕੰਮਾਂ ਬਾਰੇ ਉਸ ਨਾਲ ਗੱਲ ਬਾਤ ਕਰੋ
- ਸਕੂਲ ਦੇ ਉਸ ਦੇ ਅਨੁਭਵਾਂ ਪ੍ਰਤੀ ਸਕਾਰਾਤਮਕ ਰਹੋ
- ਸਕੂਲ ਵਿਚ ਵਲੰਟੀਅਰ ਕਰੋ
- ਸਕੂਲ ਕੌਂਸਲ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਵੋ

### ਪ੍ਰੋਗਰਾਮ ਸਬੰਧੀ ਚੋਣਾਂ (Program Choices)

ਸਾਡੇ ਕਮਿਊਨਿਟੀ ਦੇ ਸਕੂਲਾਂ ਤੋਂ ਇਲਾਵਾ, ਸਾਡੇ ਕੋਲ ਵਿਦਿਆਰਥੀਆਂ ਲਈ ਬਹੁਤ ਸਾਰੇ ਪ੍ਰੋਗਰਾਮਾਂ ਦੀਆਂ ਚੋਣਾਂ ਹੁੰਦੀਆਂ ਹਨ। ਤੁਹਾਡੇ ਲਈ ਕਿਹੜੀਆਂ ਕਿਹੜੀਆਂ ਚੋਣਾਂ ਉਪਲਬਧ ਹਨ, ਇਹ ਪਤਾ ਕਰਨ ਲਈ, ਆਪਣੇ ਕਮਿਊਨਿਟੀ ਸਕੂਲ ਵਿਚ ਜਾ ਕੇ ਪਤਾ ਕਰੋ।

### ਅਨੁਵਾਦ (ਇੰਟਰਪਰੇਟੇਸ਼ਨ) ਸੇਵਾਵਾਂ (Interpreter Services)

ਅਗਰ ਤੁਹਾਡੇ ਬੱਚੇ ਨੂੰ ਰਜਿਸਟਰ ਕਰਨ ਵਿਚ ਮਦਦ ਕਰਨ ਲਈ ਭਾਸ਼ਾ ਅਨੁਵਾਦਕ (ਇੰਟਰਪਰੇਟਰ) ਦੀ ਲੋੜ ਹੈ ਤਾਂ ਆਪਣੇ ਬੱਚੇ ਦੇ ਸਕੂਲ ਜਾਉ ਅਤੇ ਉਹ ਤੁਹਾਡੀ ਭਾਸ਼ਾ ਵਾਲੇ ਇੰਟਰਪਰੇਟਰ ਦਾ ਬੰਦੋਬਸਤ ਕਰ ਦੇਣਗੇ।